No. 28/43-IH(7)-2014/ 8309
**Chandigarh Administration**
**Department of Personnel**

Chandigarh dated, the 9-5-2014

To

All the Administrative Secretaries/
Heads of Departments/Offices/Boards/Corporation,
Chandigarh Administration.

10098
15 MAY 2014

**Subject: - Clarification regarding benefits of 4, 9 and 14 years of service under ACP scheme from the relevant date.**

******

Sir/Madam,

In continuation of this Administration's letter No. 28/43/95-IH(7)-2006/21532 dated 21.11.2006 and No. 28/43-IH(7)-2013/10907 dated 13.06.2013, I am directed to address you on the subject noted above and to enclose herewith a copy of Punjab Government, Department of Personnel, (Personnel Policies-I Branch) circular letter No. 7/14/2011-1P.P.1/117 dated 06.02.2014, which is self-explanatory for information and necessary action.

Yours faithfully,

Superintendent Personnel,
Chandigarh Administration.

GOVERNMENT MEDICAL COLLEGE & HOSPITAL, CHANDIGARH
(Hospital Building), Sector 32-B, Chandigarh-160030 (Ph 0172-2665253-59, Fax 0172-2608488)
(ESTABLISHMENT BRANCH-IV)

Endst. No. GMCH-E-IV-EA-1(24/2)-2014/ 19142-44

Dated, Chandigarh the 21 MAY 2014

A copy is forwarded to the followings for information & necessary action pl:

1. The Deputy Controller (F&A), GMCH-32, Chandigarh.
2. The Office Supdt. (Est-I,II,III,HA-I & II), GMCH, Chandigarh.
3. The Computer Programmer, GMCH, Chandigarh. He is requested to **e-circulate/email** the same to all the HODs/Br. Incharges of this Institute.

Superintendent (Est.-IV)

Home I Branch
Dy. No. 927
Dated 6/3/14

ਨੰ:7/14/2011-1ਪੀ.ਪੀ.1/117
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

Accounts Branch
Diary No 848
Dated 24/2/14

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ, ਮੰਡਲਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ ਅੰਤੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟ੍ਰੇਟ, ਪੰਜਾਬ।

ਮਿਤੀ,ਚੰਡੀਗੜ੍ਹ 06/ਫਰਵਰੀ, 2014

ਵਿਸ਼ਾ :- **ਏ.ਸੀ.ਪੀ. ਸਕੀਮ ਅਧੀਨ 4,9 ਅਤੇ 14 ਸਾਲਾਂ ਲਾਭ ਬਣਦੀ ਮਿਤੀ ਤੋਂ ਦੇਣ ਬਾਰੇ ਸਪੱਸ਼ਟੀਕਰਨ।**

*****

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 7/37/98-5ਪੀ.ਪੀ.1/12851, ਮਿਤੀ 25.9.1998, ਪੱਤਰ ਨੰ: 7/60/2006-5ਪੀ.ਪੀ.1/15963, ਮਿਤੀ 3-11-2006, ਨੰ: 7/84/98-5ਪੀ.ਪੀ.1/4426, ਮਿਤੀ 17-4-2000, ਅੰ:ਵਿ:ਪੱ:ਨੰ: 7/56/99-5ਪੀ.ਪੀ.1/8014 ਮਿਤੀ 27-06-2000 ਅਤੇ ਵਿੱਤ ਵਿਭਾਗ ਦੇ ਪੱਤਰ ਨੰ: 5/138/09-3ਐਫਪੀ1/881 ਮਿਤੀ 01-12-2011 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਨ੍ਹਾਂ ਰਾਹੀਂ 8/16/24/32; 4/9/14 ਅਤੇ 10/20 ਸਾਲਾ ਐਸ਼ੋਰਡ ਕੈਰੀਅਰ ਪ੍ਰੋਗਰੇਸ਼ਨ ਸਕੀਮਾਂ ਲਾਗੂ ਕੀਤੀਆਂ ਗਈਆਂ ਸਨ, ਮਾਮਲੇ ਬਾਰੇ ਕੁੱਝ ਵਿਭਾਗਾਂ ਵਲੋਂ ਸਪਸ਼ਟੀਕਰਨ ਮੰਗਿਆ ਗਿਆ ਹੈ ਕਿ ਇਸ ਸਕੀਮ ਅਧੀਨ ਹਰੇਕ ਅਧਿਕਾਰੀ/ਕਰਮਚਾਰੀ ਨੂੰ ਏ.ਸੀ.ਪੀ. ਦਾ ਲਾਭ ਦੇਣ ਲਈ ਉਸ ਦੀ 8/16/24/32 ਜਾਂ 4/9/14 ਜਾਂ 10/20 ਸਾਲ ਦੀ ਸੇਵਾ ਲਈ ਪਾਤਰਤਾ ਕਿਸ ਮਿਤੀ ਤੋਂ ਮਿੱਥੀ ਜਾਣੀ ਹੈ। ਕੁੱਝ ਕੁ ਵਿਭਾਗਾਂ ਵੱਲੋਂ ਇਹ ਵੀ ਸਪੱਸ਼ਟੀਕਰਨ ਮੰਗਿਆ ਗਿਆ ਹੈ ਕਿ ਜੇਕਰ ਕਿਸੇ ਅਧਿਕਾਰੀ / ਕਰਮਚਾਰੀ ਦਾ ਰਿਕਾਰਡ ਮਿਆਰੀ ਨਾ ਹੋਣ ਕਾਰਨ ਏ.ਸੀ.ਪੀ. ਦਾ ਲਾਭ ਨਿਸ਼ਚਿਤ ਸਮੇਂ ਤੋਂ ਦੇਣ ਦੀ ਬਜਾਏ ਅੱਗੇ ਪਾ ਦਿੱਤਾ ਜਾਂਦਾ ਹੈ ਤਾਂ ਅਜਿਹੇ ਕੇਸਾਂ ਵਿੱਚ ਅਗਲੀ ਸਟੇਜ਼ ਤੇ ਏ. ਸੀ. ਪੀ. ਦਾ ਲਾਭ ਦੇਣ ਸਬੰਧੀ ਉਸ ਦੀ ਪਾਤਰਤਾ ਲਈ ਉਸਦੀ ਸੇਵਾ ਕਾਡਰ ਵਿਚ ਮੁੱਢਲੀ ਰੈਗੂਲਰ ਨਿਯੁਕਤੀ ਦੀ ਮਿਤੀ ਤੋਂ ਵਿਚਾਰੀ ਜਾਣੀ ਹੈ ਜਾਂ ਜਿਸ ਮਿਤੀ ਨੂੰ ਪਿਛਲਾ ਏ. ਸੀ. ਪੀ. ਦਾ ਲਾਭ ਦਿੱਤਾ ਗਿਆ ਹੈ, ਉਸ ਮਿਤੀ ਤੋਂ ਬਾਅਦ ਸੇਵਾ ਗਿਣਕੇ ਵਿਚਾਰੀ ਜਾਣੀ ਹੈ।

3. ਇਸ ਵਿਭਾਗ ਦੀਆਂ ਹਦਾਇਤਾਂ ਨੰ:7/84/98-5ਪੀ.ਪੀ.1/4428, ਮਿਤੀ 17-4-2000, ਅਤੇ ਹਦਾਇਤਾਂ ਨੰ:7/42/97-5ਪੀ.ਪੀ.1/2836, ਮਿਤੀ 2-3-2001 (ਜਿਨ੍ਹਾਂ ਦੀ

ਕਾਪੀ ਕ੍ਰਮਵਾਰ ਸੇਵਾ ਮੈਨੂਅਲ ਭਾਗ-5 ਦੇ ਪੰਨਾਂ/ 373, ਅਤੇ ਪੰਨਾ/416 ਤੇ ਉਪਲਬੱਧ ਹੈ) ਦੇ ਸਨਮੁੱਖ ਪਹਿਲਾਂ ਹੀ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ ਸਬੰਧਤ ਅਧਿਕਾਰੀ / ਕਰਮਚਾਰੀ ਨੂੰ ਏ. ਸੀ. ਪੀ. ਸਕੀਮ ਅਧੀਨ ਉਚੇਰੇ ਸਕੇਲ ਵਿੱਚ ਪਲੇਸਮੈਂਟਾਂ / ਪ੍ਰਵੀਨਤਾ ਤਰੱਕੀਆਂ ਦਾ ਲਾਭ ਦੇਣ ਹਿੱਤ ਕੇਵਲ ਉਹੀ ਸੇਵਾ ਗਿਣੀ ਜਾਣੀ ਹੈ, ਜੋ ਸੀਨੀਆਰਤਾ ਅਤੇ ਸਲਾਨਾ ਤਰੱਕੀ ਲਈ ਗਿਣੀ ਜਾਂਦੀ ਹੈ ਮਸਲਨ ਤਦ ਅਰਥ/ਪ੍ਰੋਵੀਜਨਲ ਤੌਰ ਤੇ / ਠੇਕੇ ਦੇ ਆਧਾਰ ਤੇ ਕੀਤੀ ਸੇਵਾ ਜਾਂ ਸਲਾਨਾ ਤਰੱਕੀ ਦਾ ਲਾਭ ਨਾ ਮਿਲਣਯੋਗ ਬਿਨ੍ਹਾਂ ਤਨਖਾਹ ਛੁੱਟੀ / ਆਸਾਧਾਰਣ ਛੁੱਟੀ ਦਾ ਸਮਾਂ/ ਮੁਅੱਤਲੀ ਅਧੀਨ ਸਮਾਂ ਜੋ ਡਿਊਟੀ ਟਰੀਟ ਨਹੀਂ ਕੀਤਾ ਗਿਆ ਹੈ ਜਾਂ ਭਵਿੱਖੀ ਅਸਰ ਸਹਿਤ ਬੰਦ ਕੀਤੀਆਂ ਗਈਆਂ ਸਜਾਵਾਂ ਆਦਿ ਦੌਰਾਨ ਕੀਤੀ ਗਈ ਸੇਵਾ ਦਾ ਲਾਭ ਇਸ ਸਕੀਮ ਅਧੀਨ ਮਿਲਣਯੋਗ ਨਹੀਂ ਹੈ।

4. ਮਾਮਲੇ ਬਾਰੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਵਿਭਾਗ ਦੀਆਂ ਹਦਾਇਤਾਂ ਮਿਤੀ 25-09-1998 ਅਤੇ 03-11-2006 ਜੋ ਹਦਾਇਤਾਂ ਮਿਤੀ 25-09-1998 ਦੀ ਆਪਸ਼ਨਲ ਸਕੀਮ ਹੈ, ਹਦਾਇਤਾਂ ਮਿਤੀ 17-04-2000 ਅਤੇ ਹਦਾਇਤਾਂ ਮਿਤੀ 27-06-2000 / 01-12-2011 ਅਨੁਸਾਰ ਜਿਨ੍ਹਾਂ ਕੇਸਾਂ ਵਿੱਚ ਅਧਿਕਾਰੀ/ਕਰਮਚਾਰੀ ਦਾ ਸੇਵਾ ਰਿਕਾਰਡ ਮਿਆਰੀ ਨਾ ਹੋਵੇ, ਉਨ੍ਹਾਂ ਕੇਸਾਂ ਵਿੱਚ ਸਬੰਧਤ ਅਧਿਕਾਰੀ/ਕਰਮਚਾਰੀ ਦਾ ਕੇਸ ਸਾਲ ਦਰ ਸਾਲ ਵਿਚਾਰਿਆ ਜਾਂਦਾ ਹੈ ਅਤੇ ਏ. ਸੀ. ਪੀ. ਦੇ ਕੇਸ ਤਰੱਕੀ ਦੇ ਕੇਸਾਂ ਦੀ ਤਰ੍ਹਾਂ ਵਿਚਾਰੇ ਜਾਂਦੇ ਹਨ। ਇਸ ਤਰ੍ਹਾਂ ਜੇਕਰ ਕਿਸੇ ਕਰਮਚਾਰੀ / ਅਧਿਕਾਰੀ ਦਾ ਸੇਵਾ ਰਿਕਾਰਡ ਹਦਾਇਤਾਂ ਅਨੁਸਾਰ ਮਿਆਰੀ ਨਾ ਹੋਣ ਕਰਕੇ ਏ. ਸੀ. ਪੀ. ਸਕੀਮ ਅਧੀਨ ਲੋੜੀਂਦਾ ਲਾਭ ਬਣਦੀ ਮਿਤੀ ਤੋਂ ਨਹੀਂ ਦਿੱਤਾ ਗਿਆ ਹੈ ਤਾਂ ਅਗਲੀ ਪ੍ਰਵੀਨਤਾ ਤਰੱਕੀ (ਆਂ)/ਉਚੇਰੇ ਸਕੇਲ(ਾਂ) ਵਿਚ ਪਲੇਸਮੈਂਟ ਦਾ ਲਾਭ ਕੇਵਲ ਉਸ ਮਿਤੀ ਤੋਂ ਬਾਦ ਹੀ 8 / 10 ਸਾਲ ਜਾਂ ਪੰਜ ਸਾਲ ਦੀ ਸੇਵਾ, ਜਿਹੋ ਜਿਹੀ ਵੀ ਸਥਿਤੀ ਹੋਵੇ, ਗਿਣਕੇ ਮਿਲਣਯੋਗ ਹੋਵੇਗਾ ਜਿਸ ਮਿਤੀ ਤੋਂ ਉਸਨੂੰ ਪਿਛਲਾ ਲਾਭ ਦਿੱਤਾ ਗਿਆ ਹੈ। ਮਸਲਨ ਹਦਾਇਤਾਂ ਮਿਤੀ 25-9-1998 ਅਤੇ 27-6-2000 ਦੀ ਰੋਸ਼ਨੀ ਵਿਚ ਲੋੜੀਂਦਾ ਲਾਭ ਦੇਣ ਹਿੱਤ ਉਸ ਦੀ ਸੇਵਾ ਉਸ ਮਿਤੀ ਤੋਂ ਬਾਅਦ 8 ਸਾਲ ਦੀ ਗਿਣੀ ਜਾਣੀ ਹੈ, ਜਿਸ ਮਿਤੀ ਤੋਂ ਉਸਨੂੰ ਪਿਛਲਾ ਲਾਭ ਦਿੱਤਾ ਗਿਆ ਹੈ ਅਤੇ ਹਦਾਇਤਾਂ ਮਿਤੀ 3-11-2006 ਜਾਂ 17-4-2000 ਦੀ ਰੋਸ਼ਨੀ ਵਿਚ ਉਸ ਦੀ ਸੇਵਾ ਉਸ ਮਿਤੀ ਤੋਂ ਬਾਅਦ ਅਗਲੇ ਪੰਜ ਸਾਲ ਦੀ ਗਿਣੀ ਜਾਣੀ ਹੈ, ਜਿਸ ਮਿਤੀ ਤੋਂ ਉਸਨੂੰ ਪਿਛਲਾ ਲਾਭ ਦਿੱਤਾ ਗਿਆ ਹੈ।

ਵਿਸ਼ਵਾਸਪਾਤਰ

ਅਧੀਨ ਸਕੱਤਰ, ਪ੍ਰਸੋਨਲ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪ੍ਰਸੋਨਲ

ਅੰ:ਵਿ:ਪੱ:ਨੰ:7/14/2011-1ਪੀ.ਪੀ.1/ 118 ਮਿਤੀ,ਚੰਡੀਗੜ੍ਹ 6/3/14

ਪਿੱਠ.ਅੰ:ਨੰ:7/14/2011-1ਪੀ.ਪੀ.1/ 119 ਮਿਤੀ,ਚੰਡੀਗੜ੍ਹ 6/3/14

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ਅਤੇ
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਅਧੀਨ ਸਕੱਤਰ, ਪ੍ਰਸੋਨਲ